Australian Government

Department of Health, Disability and Ageing

Punjabi

# ਤੁਹਾਡਾ ਅਗਲੀ ਵਾਰ ਜੀ ਪੀ ਨੂੰ ਮਿਲਣ ਦਾ ਬਿੱਲ ਮੈਡੀਕੇਅਰ ਭਰੇਗਾ



## ਬਲਕ ਬਿਲਿੰਗ ਬਾਰੇ

ਬਲਕ ਬਿਲਿੰਗ ਦਾ ਮਤਲਬ ਹੈ ਕਿ ਜਦੋਂ ਤੁਸੀਂ ਕਿਸੇ ਜੀ ਪੀ ਨੂੰ ਮਿਲਦੇ ਹੋ ਤਾਂ ਤੁਹਾਨੂੰ ਕੁਝ ਵੀ ਭੁਗਤਾਨ ਨਹੀਂ ਕਰਨਾ ਪੈਂਦਾ, ਕਿਉਂਕਿ ਮੈਡੀਕੇਅਰ ਉਸ ਸੇਵਾ ਦੀ ਪੂਰੀ ਕੀਮਤ ਨੂੰ ਕਵਰ ਕਰਦਾ ਹੈ।

ਇਹ ਮੈਡੀਕੇਅਰ ਦੇ ਯੋਗ ਮਰੀਜ਼ਾਂ ਨੂੰ ਮੁਫ਼ਤ ਸਿਹਤ ਸੰਭਾਲ ਤੱਕ ਪਹੁੰਚ ਕਰਵਾਉਂਦਾ ਹੈ, ਜਿਸ ਨਾਲ ਇਹ ਤੁਹਾਨੂੰ ਲੋੜ ਪੈਣ 'ਤੇ ਲੋੜੀਂਦੀ ਦੇਖਭਾਲ ਪ੍ਰਾਪਤ ਕਰਨਾ ਆਸਾਨ ਬਣਾਉਂਦਾ ਹੈ।

ਸਾਰੇ ਜੀ ਪੀ ਹਮੇਸ਼ਾ ਬਲਕ ਬਿੱਲ ਨਹੀਂ ਕਰਦੇ। ਇਹ ਤੁਹਾਡੇ ਡਾਕਟਰ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਸੇ ਸੇਵਾ ਲਈ ਬਲਕ ਬਿੱਲ ਕਰਦੇ ਹਨ ਜਾਂ ਨਹੀਂ। ਹਾਲਾਂਕਿ, ਮੈਡੀਕੇਅਰ ਬਲਕ ਬਿਲਿੰਗ ਪ੍ਰੈਕਟਿਸਾਂ (ਕਲੀਨਿਕਾਂ) ਵਿਖੇ, ਸਾਰੇ ਮੈਡੀਕੇਅਰ-ਯੋਗ ਮਰੀਜ਼ ਬਲਕ ਬਿੱਲ ਵਾਲੀਆਂ ਮੁਲਾਕਾਤਾਂ ਤੱਕ ਪਹੁੰਚ ਕਰ ਸਕਦੇ ਹਨ।

ਇਸ ਨਾਲ ਤੁਸੀਂ ਅਤੇ ਤੁਹਾਡਾ ਪਰਿਵਾਰ ਹਰ ਸਾਲ ਆਪਣੀ ਜੇਬ ਵਿਚੋਂ ਖ਼ਰਚ ਹੋਣ ਵਾਲ਼ੇ ਸੈਂਕੜੇ ਡਾਲਰ ਬਚਾਅ ਸਕਦੇ ਹੋ।

ਕਿਸੇ ਜੀ ਪੀ ਨੂੰ ਮਿਲਣ ਤੋਂ ਪਹਿਲਾਂ, ਇਹ ਜਾਂਚ ਕਰਨਾ ਚੰਗਾ ਵਿਚਾਰ ਹੈ ਕਿ ਕੀ ਉਹ ਬਲਕ ਬਿਲਿੰਗ ਪ੍ਰੈਕਟਿਸ (ਕਲੀਨਿਕ) ਹਨ, ਜਾਂ ਪੁੱਛੋ ਕਿ ਕੀ ਉਹ ਤੁਹਾਨੂੰ ਬਲਕ ਬਿਲ ਕਰਨਗੇ ਤਾਂ ਕੀ ਤੁਹਾਡੀ ਜੇਬ ਤੋਂ ਕੋਈ ਖਰਚਾ ਨਾ ਹੋਵੇ।

## ਜੇ ਮੇਰਾ ਡਾਕਟਰ ਬਲਕ ਬਿੱਲ ਵਾਲੀਆਂ ਸੇਵਾਵਾਂ ਦੀ ਪੇਸ਼ਕਸ਼ ਨਹੀਂ ਕਰਦਾ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਕਿਸੇ ਪ੍ਰਾਈਵੇਟ ਜਾਂ ਰਲੇ ਮਿਲੇ -ਬਿਲਿੰਗ ਵਾਲੇ ਕਲੀਨਿਕ ਵਿੱਚ ਜਾਂਦੇ ਹੋ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਬਲਕ ਬਿਲ ਨਾ ਕੀਤਾ ਜਾਵੇ। ਇਸਦਾ ਮਤਲਬ ਹੈ ਕਿ ਤੁਹਾਨੂੰ ਆਪਣੀ ਮੁਲਾਕਾਤ ਦੇ ਸਮੇਂ ਪੂਰੀ ਫੀਸ ਦਾ ਭੁਗਤਾਨ ਪਹਿਲਾਂ ਹੀ ਕਰਨਾ ਪਵੇਗਾ। ਜੇਕਰ ਸੇਵਾਵਾਂ 'ਤੇ ਮੈਡੀਕੇਅਰ ਲਾਭ ਲਾਗੂ ਹੁੰਦਾ ਹੈ, ਤਾਂ ਤੁਸੀਂ ਮੈਡੀਕੇਅਰ ਤੋਂ ਰਿਫੰਡ ਦਾ ਦਾਅਵਾ ਕਰ ਸਕਦੇ ਹੋ।

ਮੈਡੀਕੇਅਰ ਲਾਭ ਪ੍ਰਾਪਤ ਕਰਨ ਬਾਰੇ ਵਧੇਰੇ ਜਾਣਕਾਰੀ ਲਈ, ਸਰਵਿਸਿਜ਼ ਆਸਟ੍ਰੇਲੀਆ (Services Australia) ਵੈੱਬਸਾਈਟ 'ਤੇ ਜਾਓ।

## ਬਲਕ ਬਿਲਿੰਗ ਤੱਕ ਪਹੁੰਚ ਕਿਵੇਂ ਕਰੀਏ

- **ਪਹਿਲਾ ਕਦਮ: ਜਾਂਚ ਕਰੋ ਕਿ ਕੀ ਤੁਹਾਡਾ ਜੀ ਪੀ ਬਲਕ ਬਿਲਿੰਗ ਦੀ ਪੇਸ਼ਕਸ਼ ਕਰਦਾ ਹੈ।** health.gov.au/bulkbilling 'ਤੇ ਜਾ ਕੇ ਆਪਣੇ ਨੇੜਲਾ ਬਲਕ ਬਿਲਿੰਗ ਕਲੀਨਿਕ ਲੱਭੋ। ਮੈਡੀਕੇਅਰ ਬਲਕ ਬਿਲਿੰਗ ਪ੍ਰੈਕਟਿਸਿਜ਼ (ਕਲੀਨਿਕ) ਵਿੱਚ ਬਲਕ ਬਿਲਿੰਗ ਦੇ ਚਿੰਨ੍ਹ ਵੀ ਲੱਗੇ ਹੋਣਗੇ।
- **ਦੂਸਰਾ ਕਦਮ: ਆਪਣੇ ਜੀਪੀ ਨੂੰ ਮਿਲੋ।** ਆਪਣੀ ਮੁਲਾਕਾਤ 'ਤੇ ਆਪਣਾ ਮੈਡੀਕੇਅਰ ਕਾਰਡ ਨਾਲ ਲੈ ਕੇ ਜਾਣਾ ਯਾਦ ਰੱਖੋ।
- **ਤੀਸਰਾ ਕਦਮ: ਤੁਹਾਡਾ ਜੀ ਪੀ ਪ੍ਰਦਾਨ ਕੀਤੀ ਸੇਵਾ ਲਈ ਸਿੱਧਾ ਮੈਡੀਕੇਅਰ ਨੂੰ ਦਾਅਵਾ ਭੇਜਦਾ ਹੈ।** ਇਸ ਦੀ ਆਗਿਆ ਦੇਣ ਲਈ, ਤੁਸੀਂ ਲਾਭ ਦੇ ਅਸਾਈਨਮੈਂਟ (ਸਪੁਰਦਗੀ) ਫਾਰਮ 'ਤੇ ਦਸਤਖਤ ਕਰਕੇ ਆਪਣੀ ਸਹਿਮਤੀ ਦਿੰਦੇ ਹੋ।
- **ਚੌਥਾ ਕਦਮ: ਮੈਡੀਕੇਅਰ ਤੁਹਾਡੇ ਡਾਕਟਰ ਨੂੰ ਸਿੱਧਾ ਭੁਗਤਾਨ ਕਰਦਾ ਹੈ,** ਇਸ ਲਈ ਤੁਹਾਨੂੰ ਕੁਝ ਵੀ ਭੁਗਤਾਨ ਕਰਨ ਦੀ ਲੋੜ ਨਹੀਂ ਹੈ।

### ਜੀ ਪੀ ਸੇਵਾਵਾਂ ਜਿਨ੍ਹਾਂ ਨੂੰ ਆਮ ਤੌਰ 'ਤੇ ਬਲਕ ਬਿੱਲ ਕੀਤਾ ਜਾਂਦਾ ਹੈ

- ਡਾਕਟਰ ਨਾਲ ਮੁਲਾਕਾਤ, ਟੈਲੀਹੈਲਥ ਸੇਵਾਵਾਂ ਸਮੇਤ
- ਜੀ ਪੀ ਵਲੋਂ ਪੁਰਾਣੀ ਬਿਮਾਰੀ ਲਈ ਪ੍ਰਬੰਧਨ ਯੋਜਨਾਵਾਂ ਅਤੇ ਸਮੀਖਿਆਵਾਂ
- ਮਾਨਸਿਕ ਸਿਹਤ ਇਲਾਜ ਯੋਜਨਾਵਾਂ
- ਸਿਹਤ ਮੁਲਾਂਕਣ।

## ਆਪਣੇ ਨੇੜੇ ਇੱਕ ਬਲਕ ਬਿਲਿੰਗ ਕਲੀਨਿਕ ਲੱਭੋ

ਆਪਣੇ ਨੇੜੇ ਇੱਕ ਬਲਕ ਬਿਲਿੰਗ ਜੀ ਪੀ ਲੱਭਣ ਲਈ health.gov.au/bulkbilling 'ਤੇ ਜਾਓ।